# Official Spokesperson's response to media queries on the change in format of Raisina Dialogue 2021

April 05, 2021

.................................................................................................................

# ਰਾਇਸੀਨਾ ਸੰਵਾਦ 2021 ਦੇ ਢਾਂਚੇ ਵਿੱਚ ਤਬਦੀਲੀ ਕਰਨ ਬਾਰੇ ਮੀਡੀਆ ਦੇ ਪ੍ਰਸ਼ਨਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

5 ਅਪ੍ਰੈਲ, 2021

ਰਾਇਸੀਨਾ ਸੰਵਾਦ 2021 ਦੇ ਢਾਂਚੇ ਵਿੱਚ ਤਬਦੀਲੀ ਲਿਆਉਣ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਅਧਿਕਾਰਿਤ ਬੁਲਾਰੇ ਨੇ ਕਿਹਾ:

"ਰਾਇਸੀਨਾ ਸੰਵਾਦ 2021 ਦੇ ਪ੍ਰਬੰਧਕਾਂ ਨੇ ਪਹਿਲਾਂ ਬਣਾਈ ਗਈ ਮਿਲਜੁਲੇ ਸਮਾਗਮ (ਜਿਸ ਵਿੱਚ ਸਪੀਕਰਾਂ ਅਤੇ ਡੈਲੀਗੇਟਾਂ ਨੇ ਵਰਚੁਅਲ ਅਤੇ ਫਿਜ਼ੀਕਲ ਮਾਧਿਅਮ ਰਾਹੀਂ ਹਿੱਸਾ ਲੈਣਾ ਸੀ) ਦੀ ਵਿਓਂਤ ਦੀ ਥਾਂ ਇਸ ਸਾਲ ਦਾ ਸੰਸਕਰਣ ਪੂਰੀ ਤਰ੍ਹਾਂ ਡਿਜੀਟਲ ਰੂਪ ਵਿੱਚ ਕਰਾਉਣ ਦਾ ਫੈਸਲਾ ਕੀਤਾ ਹੈ|

ਇਸ ਸੰਸਕਰਣ ਨੂੰ ਪੂਰੀ ਤਰ੍ਹਾਂ ਡਿਜੀਟਲ ਰੂਪ ਵਿੱਚ ਕਰਾਏ ਜਾਣ ਦਾ ਫੈਸਲਾ ਵਿਸ਼ਵ ਦੇ ਵੱਖ -ਵੱਖ ਹਿੱਸਿਆਂ ਵਿੱਚ COVID -19 ਦੇ ਹਾਲਾਤ ਨੂੰ ਦੇਖਦੇ ਹੋਏ ਸਾਵਧਾਨੀ ਵਜੋਂ ਵਜੋਂ ਲਿਆ ਗਿਆ ਹੈ| ਇਹ ਫੈਸਲਾ ਪ੍ਰਬੰਧਕਾਂ ਦੀ ਸੰਵਾਦ ਨਾਲ ਜੁੜੇ ਸਾਰੇ ਲੋਕਾਂ ਦੀ ਸੁਰੱਖਿਆ ਪ੍ਰਤੀ ਜ਼ਿੰਮੇਵਾਰੀ ਦੀ ਤੀਬਰ ਭਾਵਨਾ ਦਰਸਾਉਂਦਾ ਹੈ|

ਪੂਰੀ ਤਰ੍ਹਾਂ ਨਾਲ ਡਿਜੀਟਲ ਇਹ ਪ੍ਰੋਗਰਾਮ ਭਾਗੀਦਾਰਾਂ ਨੂੰ ਆਲਮੀ ਭਾਈਚਾਰੇ ਅੱਗੇ ਦਰਪੇਸ਼ ਸਭ ਤੋਂ ਵੱਧ ਗੰਭੀਰ ਮਸਲਿਆਂ ਬਾਰੇ ਗੱਲਬਾਤ ਅਤੇ ਬਹਿਸ ਕਰਨ ਦਾ ਮੌਕਾ ਦੇਵੇਗਾ ਅਤੇ ਨਾਲ-ਨਾਲ ਉਨ੍ਹਾਂ ਨੂੰ COVID - 19 ਦੇ ਜੋਖਮ ਤੋਂ ਵੀ ਬਚਾਵੇਗਾ|

ਇਸ ਢਾਂਚੇ ਵਿੱਚ ਤਬਦੀਲੀ ਦਾ ਅਸਰ ਸਾਡੀ ਕੂਟਨੀਤਿਕ ਗੱਲਬਾਤ ਵਿੱਚ ਵਾਜਿਬ ਤੌਰ 'ਤੇ ਝਲਕੇਗਾ|”

ਨਵੀਂ ਦਿੱਲੀ
5 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.